# ਬਾਲ ਸੁਰੱਖਿਅਤ ਸੰਸਥਾ:
# ਮਾਪਿਆਂ ਅਤੇ ਸੰਭਾਲ ਕਰਤਾ ਲਈ ਗਾਈਡ

ਮਾਪਿਆਂ ਜਾਂ ਦੇਖਭਾਲਕਰਤਾ ਦੇ ਰੂਪ ਵਿੱਚ ਤੁਸੀਂ ਕਈ ਤਰ੍ਹਾਂ ਦੇ ਸੰਸਥਾਵਾਂ ਦਾ ਅਨੁਭਵ ਕਰੋਗੇ ਜਿੱਥੇ ਬੱਚਿਆਂ ਦੀ ਦੇਖਭਾਲ ਕੀਤੀ ਜਾਵੇਗੀ, ਉਹ ਖੇਡਣਗੇ, ਸਿੱਖਣਗੇ, ਨਵੇਂ ਹੁਨਰ ਵਿਕਸਿਤ ਕਰਨਗੇ ਅਤੇ ਹੋਰ ਬੱਚਿਆਂ ਅਤੇ ਬਾਲਗਾਂ ਨੂੰ ਮਿਲਣਗੇ। ਇਹ ਗਾਈਡ ਤੁਹਾਨੂੰ ਇਸ ਬਾਰੇ ਸੋਚਣ ਵਿੱਚ ਮਦਦ ਕਰੇਗੀ ਕਿ ਹਰੇਕ ਸੰਸਥਾ ਕਿਵੇਂ ਕੰਮ ਕਰਦੀ ਹੈ ਅਤੇ ਬੱਚਿਆਂ ਲਈ ਇਸਦੀ ਸੁਰੱਖਿਆ ਅਤੇ ਤੰਦਰੁਸਤੀ ਦੇ ਪ੍ਰਬੰਧ ਕਿਵੇਂ ਹੁੰਦੇ ਹਨ।

ਬੱਚਿਆਂ ਨੂੰ ਸੁਰੱਖਿਆ, ਜਜ਼ਬਾਤੀ ਹੋਣ ਅਤੇ ਸਰੀਰਕ ਤੌਰ 'ਤੇ ਅਧਿਕਾਰ ਹੁੰਦੇ ਹਨ। ਬੱਚਿਆਂ ਨੂੰ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਹਰ ਇੱਕ ਦੀ ਭੂਮਿਕਾ ਹੁੰਦੀ ਹੈ। ਨੁਕਸਾਨ ਕਈ ਤਰ੍ਹਾਂ ਦੇ ਰੂਪ ਲੈ ਸਕਦਾ ਹੈ ਜਿਵੇਂ ਕਿ ਹਾਦਸੇ ਵਿੱਚ ਸੱਟ ਲੱਗਣਾ, ਸਰੀਰਕ ਤੌਰ 'ਤੇ ਖਤਰਿਆਂ ਦਾ ਸਾਹਮਣਾ ਕਰਨਾ, ਧੱਕੇਸ਼ਾਹੀ, ਅਣਗਹਿਲੀ, ਜਜ਼ਬਾਤੀ ਬਦਸਲੂਕੀ, ਸਰੀਰਕ ਸ਼ੋਸ਼ਣ ਅਤੇ ਜਿਨਸੀ ਸ਼ੋਸ਼ਣ। ਸੇਵਾਵਾਂ ਪ੍ਰਦਾਨ ਕਰ ਰਹੇ ਜਾਂ ਬੱਚਿਆਂ ਨਾਲ ਕੰਮ ਕਰਦੇ ਸੰਗਠਨ , ਜਿਨ੍ਹਾਂ ਨੂੰ ਕਰਮਚਾਰੀਆਂ ਜਾਂ ਵਲੰਟੀਅਰਾਂ ਦੁਆਰਾ ਚਲਾਇਆ ਜਾਂਦਾ ਹੈ, ਉਹਨਾਂ ਦਾ ਬੱਚਿਆਂ ਨੂੰ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਦੇ ਅਧਿਕਾਰਾਂ ਦਾ ਸਨਮਾਨ ਕਰਨਾ ਫਰਜ਼ ਹੁੰਦਾ ਹੈ।

ਇਹ ਗਾਈਡ ਕੁਝ ਖੇਤਰਾਂ ਬਾਰੇ ਸੋਚਣ, ਦੇਖਣ ਅਤੇ ਪੁੱਛਣ ਲਈ ਸੁਝਾਅ ਦਿੰਦੀ ਹੈ ਅਤੇ ਤੁਹਾਡੇ ਤੋਂ ਕਿ ਕੀ ਕੋਈ ਸੰਸਥਾ ਤੁਹਾਡੇ ਬੱਚੇ ਲਈ ਸਹੀ ਹੈ। ਇਹ ਗਾਈਡ ਬਾਲ ਸੁਰੱਖਿਅਤ ਸੰਸਥਾ ਦੇ ਤੱਤਾਂ 'ਤੇ ਆਧਾਰਿਤ ਹੈ ਜਿਵੇਂ ਕਿ ਬਾਲ ਸੁਰੱਖਿਆ ਸੰਸਥਾਵਾਂ ਲਈ ਕੌਮੀ ਸਿਧਾਂਤ ਵਿੱਚ ਦਰਸਾਇਆ ਗਿਆ ਹੈ। ਵਿਸ਼ੇਸ਼ ਵਿੱਚ, ਸਿਧਾਂਤ 3 ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਜਾਣਕਾਰੀ ਦੇਣ ਦੀ ਮਹੱਤਤਾ 'ਤੇ ਬਲ ਦਿੰਦਾ ਹੈ ਅਤੇ ਬੱਚਿਆਂ ਦੀ ਸੁਰੱਖਿਆਂ ਅਤੇ ਤੰਦਰੁਸਤੀ ਨੂੰ ਵਧਾਵਾ ਦੇਣ ਵਿਚ ਸ਼ਾਮਲ ਹੈ।

## ਤੁਹਾਡੇ ਆਉਣ ਜਾਂ ਜੁੜਨ ਤੋਂ ਪਹਿਲਾਂ

ਸੰਸਥਾ ਤੇ ਕੁਝ ਵੀ ਖੋਜ ਕਰਨਾ ਤੁਹਾਡੇ ਦੁਆਰਾ ਮੁਲਾਕਾਤ ਕਰਨ ਜਾਂ ਜੁੜਨ ਤੋਂ ਪਹਿਲਾਂ ਚੰਗਾ ਵਿਚਾਰ ਹੁੰਦਾ ਹੈ।

- **ਉਨ੍ਹਾਂ ਨਾਲ ਸੰਪਰਕ ਕਰੋ**
- **ਉਨ੍ਹਾਂ ਦੀਆਂ ਵੈਬਸਾਈਟਾਂ ਤੇ ਜਾਓ**
- **ਹੋਰ ਮਾਪਿਆਂ ਅਤੇ ਸੰਭਾਲਕਾਰਾਂ ਨਾਲ ਗੱਲ ਕਰੋ।**



**ਵਿਚਾਰ ਕਰਨ ਵਾਲੀਆਂ ਚੀਜ਼ਾਂ:**

- ਸੰਸਥਾਵਾਂ ਨੂੰ ਕੌਣ ਚਲਾਉਂਦਾ ਹੈ ਅਤੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਲਈ ਕੌਣ ਜ਼ਿੰਮੇਵਾਰ ਹੈ? ਉਦਾਹਰਣ ਵਜੋਂ- ਡਾਇਰੈਕਟਰ, ਮੈਨੇਜਮੈਂਟ ਕਮੇਟੀ ਜਾਂ ਵਲੰਟੀਅਰ।
- ਸੰਗਠਨ ਵਿੱਚ ਸ਼ਾਮਿਲ ਬੱਚਿਆਂ ਦੀ ਉਮਰ ਕਿੰਨੀ ਹੈ ਅਤੇ ਇਹ ਤੁਹਾਡੇ ਬੱਚੇ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?
- ਕੀ ਤੁਸੀਂ ਹੋਰ ਮਾਪੇ ਜਾਂ ਸੰਭਾਲਕਾਰਾਂ ਨੂੰ ਜਾਣਦੇ ਹੋ ਜੋ ਸੰਗਠਨ ਵਿੱਚ ਸ਼ਾਮਿਲ ਹਨ ਅਤੇ ਉਹਨਾਂ ਦੇ ਕੀ ਵਿਚਾਰ ਹਨ?
- ਸੰਸਥਾ ਤੁਹਾਡੇ ਬੱਚਿਆਂ ਦੀਆਂ ਲੋੜਾਂ ਅਤੇ ਹਾਲਾਤਾਂ ਨੂੰ ਕਿਵੇਂ ਪੂਰਾ ਕਰੇਗੀ? ਉਦਾਹਰਣ ਵਜੋਂ ਅਪਾਹਜਤਾ ਜਾਂ ਸੱਭਿਆਚਾਰਕ ਲੋੜਾਂ
- ਕੀ ਬੱਚਾ ਸੁਰੱਖਿਆ ਅਤੇ ਤੰਦਰੁਸਤੀ ਦੀ ਨੀਤੀ, ਆਚਾਰ ਜ਼ਾਬਤੇ (ਕੋਡ ਆਫ ਕੰਡਕਟ) ਜਾਂ ਸਟਾਫ, ਵਾਲੰਟੀਅਰਾਂ ਅਤੇ ਬੱਚਿਆਂ ਲਈ ਵਿਹਾਰ ਦੇ ਕੋਈ ਨਿਯਮ ਹਨ?
- ਕੀ ਸਟਾਫ ਅਤੇ ਵਾਲੰਟੀਅਰਾਂ ਨੇ ਬੱਚਿਆਂ ਦੇ ਨਾਲ ਕੰਮ ਕੀਤਾ ਹੈ ਜਾਂ ਪਿਛੋਕੜ ਜਾਂਚਾਂ ਪੂਰਨ ਕੀਤੀਆਂ ਹਨ?

# ਜਦੋਂ ਤੁਸੀ ਆਉਂਦੇ ਹੋ

**ਜੇ ਤੁਸੀ ਅਲੱਗ-ਅਲੱਗ ਸਮੇਂ ਤੇ ਜਾ ਸਕਦੇ ਹੋ ਤਾਂ ਜਾਓ ਤਾਂ ਜੋ ਤੁਹਾਨੂੰ ਇਹ ਸਮਝ ਆਵੇ ਕਿ ਸੰਸਥਾ ਕਿਵੇਂ ਕੰਮ ਕਰਦੀ ਹੈ।**

**ਧਿਆਨਯੋਗ ਚੀਜ਼ਾਂ:**

- ਕੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਬਾਰੇ ਕੋਈ ਜਾਣਕਾਰੀ ਹੈ ਜਾਂ ਬਾਲ ਸੁਰੱਖਿਆ ਲਈ ਵਚਨਬੱਧਤਾ ਹੈ?
- ਕੀ ਭੌਤਿਕ ਵਾਤਾਵਰਣ ਸੁਰੱਖਿਅਤ ਪ੍ਰਤੀਤ ਹੁੰਦਾ ਹੈ? ਉਦਾਹਰਣ ਵਜੋਂ ਕੀ ਬੱਚਿਆਂ ਦੀ ਹਰ ਸਮੇਂ ਨਿਗਰਾਨੀ ਕੀਤੀ ਜਾ ਸਕਦੀ ਹੈ? ਕੀ ਸਥਾਨ ਚੰਗੀ ਤਰ੍ਹਾਂ ਸਾਫ, ਸੰਭਾਲਿਆ ਹੋਇਆ ਅਤੇ ਚੰਗੀ ਰੌਸ਼ਨੀ ਵਾਲਾ ਹੈ?
- ਸਟਾਫ ਅਤੇ ਵਾਲੰਟੀਅਰ ਬੱਚਿਆਂ ਨਾਲ ਕਿਵੇਂ ਜੁੜਦੇ ਹਨ? ਕੀ ਉਹ ਪਹੁੰਚਯੋਗ ਹਨ ਅਤੇ ਬੱਚਿਆਂ ਨਾਲ ਸਰਗਰਮੀ ਨਾਲ ਸ਼ਾਮਲ ਹੁੰਦੇ ਹਨ?

**ਪੁੱਛਣਯੋਗ ਚੀਜ਼ਾਂ:**

- ਕੀ ਬੱਚਿਆਂ ਦੀ ਖਾਸ ਨਿਗਰਾਨੀ ਰੱਖੀ ਜਾਂਦੀ ਹੈ? ਉਦਾਹਰਣ ਵਜੋਂ ਸਟਾਫ/ਵਾਲੰਟੀਅਰ ਦਾ ਬੱਚਿਆਂ ਨਾਲ ਅਨੁਪਾਤ
- ਕੀ ਕਰਮਚਾਰੀ ਅਤੇ ਵਾਲੰਟੀਅਰ ਮੁੱਢਲੀ ਸਹਾਇਤਾ, ਬਾਲ ਸੁਰੱਖਿਆ ਅਤੇ ਜ਼ਰੂਰੀ ਰਿਪੋਰਟਿੰਗ ਖੇਤਰਾਂ ਤੇ ਨਿਯਮਿਤ ਟ੍ਰੇਨਿੰਗ ਪ੍ਰਾਪਤ ਕਰਦੇ ਹਨ?
- ਕੀ ਬੱਚਿਆਂ ਨੂੰ ਨਿੱਜੀ ਸੁਰੱਖਿਆ, ਉਨ੍ਹਾਂ ਦੇ ਅਧਿਕਾਰਾਂ ਅਤੇ ਉਹ ਸਹਾਇਤਾ ਲਈ ਕਿੱਥੇ ਜਾ ਸਕਦੇ ਹਨ, ਇਸ ਬਾਰੇ ਪੜ੍ਹਾਇਆ ਜਾਂਦਾ ਹੈ?
- ਬੱਚਿਆਂ ਦੀ ਵਿਹਾਰਕ ਚੁਣੌਤੀਆਂ ਪ੍ਰਤੀ ਸੰਗਠਨ ਕਿਵੇਂ ਪ੍ਰਤੀਕਿਰਿਆ ਕਰਦਾ ਹੈ? ਉਦਾਹਰਣ ਵਜੋਂ ਕੀ ਕੋਈ ਦਸਤਾਵੇਜੀ ਵਿਹਾਰਕ ਪ੍ਰਬੰਧਨ ਪਹੁੰਚ ਹੈ?
- ਕੀ ਕੋਈ ਅਜਿਹੀ ਨੀਤੀ ਹੈ ਕਿ ਬੱਚਿਆਂ ਨੂੰ ਅਧਿਕਾਰਤ ਵਿਅਕਤੀਆਂ ਦੁਆਰਾ ਹੀ ਇਕੱਠੇ ਕੀਤੇ ਜਾਣਾ ਹੈ?
- ਕੀ ਕੋਈ ਦੇਰ ਨਾਲ ਛੱਡਣ ਜਾਂ ਦੇਰ ਨਾਲ ਲੈ ਕੇ ਜਾਣ ਦੀ ਨੀਤੀ ਹੈ? ਉਦਾਹਰਣ ਲਈ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਤੋਂ ਬੱਚੇ ਦੇ ਠਿਕਾਣੇ ਬਾਰੇ ਪਤਾ ਕਰਨਾ, ਖੇਡਣ ਅਤੇ ਨਾਲ ਲੈ ਜਾਣ ਬਾਰੇ ਸੰਸਥਾ ਨੂੰ ਜਾਣਕਾਰੀ ਦੀਆਂ ਕਿਰਿਆਵਾਂ।
- ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਇਸ ਲਈ ਆਨਸਾਈਟ ਮੁਲਾਕਾਤੀਆਂ ਅਤੇ ਕੰਟਰੈਕਟਸ ਦੀ ਕਿਵੇਂ ਨਿਗਰਾਨੀ ਕੀਤੀ ਜਾਂਦੀ ਹੈ?
- ਬੱਚੇ, ਮਾਪੇ ਅਤੇ ਸੰਭਾਲਕਰਤਾ ਕਿਵੇਂ, ਅਤੇ ਕਿਸ ਨੂੰ, ਚਿੰਤਾ ਜ਼ਾਹਿਰ ਕਰ ਸਕਦੇ ਹਨ ਜਾਂ ਸ਼ਿਕਾਇਤ ਕਰ ਸਕਦੇ ਹਨ?
- ਕੀ ਬੱਚਿਆਂ ਨੂੰ ਫੈਸਲਿਆਂ ਵਿੱਚ ਹਿੱਸਾ ਲੈਣ ਲਈ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਮਾਮਲਿਆਂ ਵਿੱਚ ਹਿੱਸਾ ਲੈਣ ਲਈ ਮੌਕਾ ਦਿੱਤਾ ਜਾਂਦਾ ਹੈ?
- ਬੱਚਿਆਂ ਦੇ ਫੋਟੋਗ੍ਰਾਫ ਜਾਂ ਰਿਕਾਰਡਿੰਗ ਲੈਣ ਅਤੇ ਸਾਂਝੇ ਕਰਨ ਦੀ ਕੀ ਨੀਤੀ ਹੈ?
- ਬੱਚਿਆਂ ਨਾਲ ਆਨਲਾਈਨ ਸੰਚਾਰ ਜਿਵੇਂ ਕਿ ਸੋਸ਼ਲ ਮੀਡੀਆ ਜਾਂ ਈ-ਮੇਲ, ਦੀ ਸੁਰੱਖਿਆ ਕਿਵੇਂ ਕੀਤੀ ਜਾਂਦੀ ਹੈ?
- ਕੀ ਬਾਹਰਲੀਆਂ ਥਾਵਾਂ 'ਤੇ ਜਾਣ 'ਤੇ ਜੋਖਮਾਂ ਦਾ ਮੁਲਾਂਕਣ ਕਰਨ ਅਤੇ ਬੱਚਿਆਂ ਦੀ ਰਾਖੀ ਕਰਨ ਲਈ ਕੋਈ ਨੀਤੀਆਂ ਹਨ? ਉਦਾਹਰਣ ਵਜੋਂ ਟੂਰ ਜਾਂ ਕੈਂਪਾਂ ਤੇ
- ਸੰਸਥਾ ਕਿਵੇਂ ਦਿਖਾਉਂਦੀ ਹੈ ਕਿ ਉਹ ਸਾਰੇ ਅਲੱਗ-ਅਲੱਗ ਸੱਭਿਆਚਾਰਕ ਪਿਛੋਕੜ ਅਤੇ ਹਾਲਾਤਾਂ ਦੇ ਪਰਿਵਾਰਾਂ ਅਤੇ ਬੱਚਿਆਂ ਦਾ ਸਵਾਗਤ ਕਰਦੀ ਹੈ?

# ਤੁਹਾਡੇ ਮਿਲਣ ਤੋਂ ਬਾਅਦਜਦੋਂ ਤੁਸੀ ਆਉਂਦੇ ਹੋ

**ਬੱਚੇ ਬਾਲਗਾਂ ਨਾਲੋਂ ਚੀਜ਼ਾਂ ਨੂੰ ਵੱਖਰੇ ਢੰਗ ਨਾਲ ਵੇਖਦੇ ਅਤੇ ਅਨੁਭਵ ਕਰਦੇ ਹਨ।**



**ਇਹ ਤੁਹਾਡੇ ਬੱਚੇ ਨਾਲ ਚਰਚਾ ਕਰਨਾ ਸ਼ੁਰੂ ਕਰਵਾਉਣ ਵਾਲੇ ਕੁਝ ਪ੍ਰਸ਼ਨ ਹਨ।**

- ਕੀ ਤੁਹਾਡ ਮੁਲਾਕਾਤ ਦੌਰਾਨ ਤੁਸੀਂ ਅਤੇ ਤੁਹਾਡੇ ਬੱਚੇ ਨੇ ਸੁਆਗਤ ਅਨੁਭਵ ਕੀਤਾ ਸੀ?
- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸੰਸਥਾ ਬਾਰੇ ਕੀ ਵਧੀਆ ਲੱਗਿਆ?
- ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਮੁਲਾਕਾਤ ਦੌਰਾਨ ਕੀ ਚੰਗਾ ਨਹੀਂ ਲੱਗਿਆ ਜਾਂ ਅਨੁਕੂਲ ਨਹੀਂ ਲੱਗਿਆ?
- ਤੁਹਾਡਾ ਇਸ ਸੰਗਠਨ ਬਾਰੇ ਹੋਰ ਕੋਈ ਪ੍ਰਸ਼ਨ ਜਾਂ ਚਿੰਤਾ ਕੀ ਹੈ?

ਕਿਸੇ ਸੰਸਥਾ ਨਾਲ ਤੁਹਾਡਾ ਰਿਸ਼ਤਾ ਘੱਟ ਜਾਂ ਲੰਬੇ ਸਮੇਂ ਲਈ ਹੋ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਸੰਗਠਨ ਤੁਹਾਡੇ ਬੱਚੇ ਲਈ ਇਕ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਵਾ ਰਿਹਾ ਹੈ, ਇਸ ਲਈ ਸੰਗਠਨ ਨਾਲ ਸੰਪਰਕ ਵਿੱਚ ਰਹਿਣਾ ਅਤੇ ਸੂਚਿਤ ਰਹਿਣਾ ਮਹੱਤਵਪੂਰਣ ਹੁੰਦਾ ਹੈ। ਤੁਸੀਂ ਅਜਿਹਾ ਇਸ ਤਰ੍ਹਾਂ ਕਰਕੇ ਕਰ ਸਕਦੇ ਹੋ:

- ਸਟਾਫ ਦੇ ਨਾਲ ਸਿੱਧਾ ਅਤੇ ਨਿਯਮਤ ਸੰਪਰਕ ਰੱਖਣਾ
- ਨਿਊਜ਼ਲੈਟਰਾਂ ਦੀ ਗਾਹਕੀ ਲੈਣਾ
- ਸੋਸ਼ਲ ਮੀਡੀਆ ਤੇ ਹੇਠ ਲਿਖੀ ਜਾਣਕਾਰੀ ਨੂੰ ਫਾਲੋ ਕਰਨਾ
- ਮੀਟਿੰਗਾਂ ਵਿੱਚ ਜਾਣਾ, ਕਮੇਟੀਆਂ ਜਾਂ ਸਮੂਹਾਂ ਵਿੱਚ ਸ਼ਾਮਿਲ ਹੋਣਾ
- ਵਲੰਟੀਅਰਿੰਗ, ਜਾਂ
- ਬਾਲ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਦੀ ਸਮੀਖਿਆ ਵਿੱਚ ਹਿੱਸਾ ਲੈਣਾ

ਤੁਹਾਡੇ ਬੱਚੇ ਅਤੇ ਪਰਿਵਾਰ ਨਾਲ ਗੱਲਬਾਤ ਕਰਨ ਦੇ ਨਾਲ ਨਾਲ ਇਹ ਵੀ ਜਰੂਰੀ ਹੈ ਕਿ ਤੁਸੀ ਕਿਸੇ ਵੀ ਤਰ੍ਹਾਂ ਦੀਆਂ ਚਿੰਤਾਵਾਂ ਜਾਹਿਰ ਕਰੋ। ਇਸ ਵਿੱਚ ਸਟਾਫ ਜਾਂ ਮੈਨੇਜਮੈਂਟ ਨਾਲ ਗੱਲ ਕਰਨਾ, ਸੰਬੰਧਿਤ ਨਿਗਰਾਨੀ ਜਾਂ ਰਜਿਸਟ੍ਰੇਸ਼ਨ ਸੰਸਥਾਵਾਂ ਜਾਂ ਸਹਿਯੋਗ ਸੇਵਾਵਾਂ ਸ਼ਾਮਿਲ ਹਨ।

## ਮਾਪਿਆਂ ਅਤੇ ਦੇਖਭਾਲਕਰਤਾ ਲਈ ਮੁੱਖ ਸੰਦੇਸ਼

- **ਆਪਣੇ ਅਧਿਕਾਰਾਂ ਅਤੇ ਆਪਣੇ ਅਧਿਕਾਰਾਂ ਦੀ ਸੁਰੱਖਿਆ ਲਈ ਬੱਚਿਆਂ ਨੂੰ ਬੋਲਣ ਲਈ ਮਦਦ ਕਰਨਾ।**
- **ਜਦੋਂ ਬੱਚੇ ਅਸੁਰੱਖਿਅਤ ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ, ਉਸ ਬਾਰੇ ਸਿਖਾਉਣਾ।**
- **ਬੱਚਿਆਂ ਨੂੰ ਪੁੱਛਣਾ ਉਹ ਕੀ ਸੋਚਦੇ ਹਨ ਅਤੇ ਕਿਵੇਂ ਮਹਿਸੂਸ ਕਰਦੇ ਹਨ।**
- **ਸੰਸਥਾ ਧਿਆਨ ਨਾਲ ਚੁਣੋ।**
- **ਆਪਣੇ ਬੱਚੇ ਦੇ ਸੰਗਠਨ ਨਾਲ ਸ਼ਾਮਿਲ ਹੋਣਾ ਅਤੇ ਸਵਾਲ ਪੁੱਛਣਾ ਜਾਰੀ ਰੱਖੋ।**
- **ਸਟਾਫ ਅਤੇ ਵਲੰਟੀਅਰਾਂ ਨੂੰ ਜਾਣੋ**
- **ਸੰਸਥਾ ਨੂੰ ਬਾਲ ਸੁਰੱਖਿਆ ਅਤੇ ਤੰਦਰੁਸਤੀ ਮੁੱਦਿਆਂ 'ਤੇ ਸੁਝਾਅ ਦਿਓ।**
- **ਆਪਣੀਆਂ ਚਿੰਤਾਵਾਂ ਤੇ ਕਾਰਵਾਈ ਕਰੋ- ਸੰਸਥਾ ਦੇ ਅੰਦਰ ਜਾਂ ਬਾਹਰ ਕਿਸੇ ਨਾਲ ਗੱਲ ਕਰੋ।**

## ਵਧੇਟੇ ਜਾਣਕਾਰੀ

ਇਹ ਗਾਈਡ ਸਾਰੇ ਵਿਚਾਰਾਂ ਦੀ ਇੱਕ ਵਿਆਪਕ ਸੂਚੀ ਨਹੀਂ ਹੈ। ਹੇਠ ਲਿਖੇ ਲਿੰਕ ਹੋਰ ਜਾਣਕਾਰੀ ਅਤੇ ਸਰੋਤ ਮੁਹੱਈਆ ਕਰਦੇ ਹਨ:

**ਬਾਲ ਸੁਰੱਖਿਆ ਸੰਸਥਾਵਾਂ**: ਪ੍ਰੈਕਟੀਕਲ ਟੂਲਜ਼ ਅਤੇ ਬੱਚਿਆਂ ਲਈ ਸੁਰੱਖਿਅਤ ਰਾਸ਼ਟਰੀ ਸਿਧਾਂਤ ਦੇ ਸੋਮਿਆਂ, ਅਤੇ ਸੁਰੱਖਿਆ ਸੰਸਥਾਵਾਂ ਬਾਰੇ ਜਾਣਕਰੀ ਲਈ https://childsafe.humanrights.gov.au ਤੇ ਜਾਓ। ਸਹਿਯੋਗ ਸੇਵਾਵਾਂ ਦੀ ਜਾਣਕਾਰੀ ਲਈ, https://childsafe.humanrights.gov.au/support/support-services ਤੇ ਜਾਓ।

**ਬਾਲ ਸੁਰੱਖਿਆ ਲਈ ਰਾਸ਼ਟਰੀ ਦਫਤਰ**: https://pmc.gov.au/domestic-policy/national-office-child-safety

**ਰਾਜ ਅਤੇ ਖੇਤਰ ਦੇ ਬੱਚਿਆਂ ਲਈ ਸੁਰੱਖਿਅਤ ਪਹਿਲਕਦਮੀਆਂ ਅਤੇ ਸਰੋਤ:** https://childsafe.humanrights.gov.au/tools-resources/links-resources

**ਈ-ਸੇਫਟੀ ਕਮਿਸ਼ਨਰ ਦਾ ਦਫਤਰ:** ਜਾਣਕਾਰੀ, ਪ੍ਰੈਕਟੀਕਲ ਟੂਲ ਅਤੇ ਆਨਲਾਈਨ ਸੁਰੱਖਿਆ ਦੇ ਸਰੋਤਾਂ ਲਈ, ਈ-ਸੇਫਟੀ ਕਮਿਸ਼ਨਰ ਦੇ ਦਫਤਰ ਦੀ ਵੈੱਬਸਾਈਟ at https://www.esafety.gov.au/ ਤੇ ਜਾਓ

**ਆਸਟ੍ਰੇਲੀਅਨ ਪਰਿਵਾਰਕ ਅਧਿਐਨ ਦੇ ਸੰਸਥਾਨ:** ਬਾਲ ਦੁਰਵਿਹਾਰ ਅਤੇ ਅਣਗਹਿਲੀ ਦੀ ਰੋਕਥਾਮ ਤੇ ਸਰੋਤਾਂ ਦੀ ਜਾਣਕਾਰੀ ਲਈ, ਤੇ ਜਾਓ https://aifs.gov.au/cfca/topics/web-resources-child-abuse-and-neglect-prevention ਲਈ ਹੈਲਪਲਾਈਨ ਅਤੇ **ਟੈਲੀਫੋਨ ਕੌਂਸਲਿੰਗ ਸੇਵਾਵਾਂ ਲਈ ਬੱਚਿਆ,ਯੁਵਕ ਲੋਕਾਂ ਅਤੇ ਮਾਪਿਆਂ ਲਈ, ਜਾਓ:** https://aifs.gov.au/cfca/publications/helplines-and-telephone-counselling-services-children-young-people-and-pare

**ਬੱਚਿਆਂ ਦਾ ਨੈੱਟਵਰਕ ਤਿਆਰ ਕਰਨਾ:** ਮਾਪਿਆਂ ਲਈ ਹੈਲਪਲਾਈਨਾਂ, https://raisingchildren.net.au/grown-ups/services-support/about-services-support/helplines ਤੇ ਜਾਓ ਅਤੇ ਬਾਲ ਸਿਹਤ ਅਤੇ ਤੰਦਰੁਸਤੀ ਸੇਵਾਵਾਂ ਦੀ ਜਾਣਕਾਰੀ ਲਈ, https://raisingchildren.net.au/grown-ups/services-support/services-families/child-health-services ਤੇ ਜਾਓ।